Sylvia
BISHOP
and TEAM DELTA

# ਆਨਲਾਈਨ ਸਰਵੇ ਵਿੱਚ ਹਿੱਸਾ ਲੈਣ ਲਈ ਸਿਲਵੀਆ ਬਿਸ਼ਪ ਅਤੇ ਟੀਮ ਡੈਲਟਾ ਨੇ ਸਥਾਨਕ ਵਸਨੀਕਾਂ ਦਾ ਧੰਨਵਾਦ ਕੀਤਾ

## ਟੀਮ ਡੈਲਟਾ ਨੇ ਫੇਸਬੁੱਕ ਪੋਲ ਦੇ ਚੋਣਵੇਂ ਅੰਸ਼ਾਂ ਦਾ ਖੁਲਾਸਾ ਕੀਤਾ

ਅਗਸਤ 29, **2018** – ਡੈਲਟਾ ਬੀ.ਸੀ.- ਟੀਮ ਡੈਲਟਾ ਵੱਲੋਂ ਕੀਤੇ ਗਏ ਆਨਲਾਈਨ ਸਰਵੇ ਵਿੱਚ ਸਾਹਮਣੇ ਅਇਆ ਕਿ ਡੈਲਟਾ ਸ਼ਹਿਰ ਵਿੱਚ ਸਥਾਨਕ ਚੋਣਾਂ ਲਈ ਵੱਧ ਚੜ੍ਹ ਕੇ ਵੋਟਿੰਗ ਕੀਤੀ ਜਾਵੇਗੀ।

ਦੋ ਟਰਮਾਂ ਤੋਂ ਕੌਂਸਲਰ ਰਹਿ ਚੁੱਕੀ ਡੈਲਟਾ ਦੀ ਮੇਅਰਲ ਉਮੀਦਵਾਰ ਸਿਲਵੀਆ ਬਿਸ਼ਪ ਨੇ ਕਿਹਾ, "ਮੈਂ ਬਹੁਤ ਖੁਸ਼ ਮਹਿਸੂਸ ਕਰ ਰਹੀ ਹਾਂ ਕਿ ਇਸ ਸਾਲ ਦੀਆਂ ਮਿਊਂਸੀਪਲ ਚੋਣਾਂ ਵਿੱਚ ਲੋਕਾਂ ਦੀ ਦਿਲਚਸਪੀ ਬਹੁਤ ਜ਼ਿਆਦਾ ਹੈ"।

ਆਨਲਾਈਨ ਸਵਾਲਾਂ ਦੀ ਸੂਚੀ ਦੇ ਸ਼ੁਰੂਆਤੀ ਨਤੀਜਿਆ ਵਿੱਚ ਸਾਹਮਣੇ ਅਇਆ ਕਿ 67.4% ਉੱਤਰਦਾਤਾਵਾਂ ਨੇ ਕਿਹਾ ਕਿ ਉਹ ਚੋਣਾਂ ਵਿੱਚ ਵੋਟ ਜ਼ਰੂਰ ਕਰਨਗੇ, 21.7% ਨੇ ਕਿਹਾ ਕਿ ਉਹ ਵੋਟ ਪਾਉਣ ਦਾ ਇਰਾਦਾ ਰੱਖਦੇ ਹਨ।ਇਸਦੇ ਮੁਕਾਬਲੇ ਸਿਰਫ਼ 6% ਲੋਕਾਂ ਨੇ ਕਿਹਾ ਕਿ ਉਹ ਕੋਸ਼ਿਸ਼ ਕਰਨਗੇ ਅਤੇ 3.3% ਨੇ ਕਿਹਾ ਕਿ ਉਹ ਸ਼ਾਇਦ ਵੋਟ ਕਰਨਗੇ ਸ਼ਾਇਦ ਨਹੀਂ। ਬਹੁਤ ਹੀ ਘੱਟ 1.6% ਲੋਕਾਂ ਨੇ ਕਿਹਾ ਕਿ ਉਹ ਇਹਨਾਂ ਚੋਣਾਂ ਵਿੱਚ ਵੋਟ ਨਹੀਂ ਕਰਨਗੇ।

ਬਿਸ਼ਪ ਨੇ ਦੱਸਿਆ ਕਿ ਸੰਨ 2008 ਵਿੱਚ ਡੈਲਟਾ ਵਿੱਚ ਸਿਰਫ਼ 31% ਲੋਕਾਂ ਨੇ ਹੀ ਵੋਟ ਪਾਈ ਸੀ ,2011 ਵਿੱਚ ਇਹ ਸੰਖਿਆ 33.5% ਅਤੇ 2014 ਵਿੱਚ 31.8% ਸੀ।

ਟੀਮ ਡੈਲਟਾ ਬੈਨਰ ਦੇ ਅਧੀਨ ਪਹਿਲੀ ਵਾਰ ਕੌਂਸਲਰ ਦੇ ਅਹੁਦੇ ਲਈ ਚੋਣ ਲੜ੍ਹ ਰਹੀ ਕਿਮ ਕੈਂਡਲ ਨੇ ਕਿਹਾ ਕਿ ਉਸਨੂੰ ਉਮੀਦ ਹੈ ਕਿ ਇਸ ਵਾਰ ਅਕਤੂਬਰ ਵਿੱਚ ਬਹੁਤ ਲੋਕ ਵੋਟ ਕਰਨਗੇ।
ਕੈਂਡਲ ਦਾ ਕਹਿਣਾ ਹੈ ਕਿ "ਗਰਮੀਆਂ ਦੇ ਮਹੀਨਿਆਂ ਦੌਰਾਨ ਮੈਂ ਅਤੇ ਟੀਮ ਡੈਲਟਾ ਦੇ ਕਈ ਉਮੀਦਵਾਰਾਂ ਨੇ ਘਰ-ਘਰ ਜਾ ਕੇ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਮੈਨੂੰ ਲੱਗਦਾ ਹੈ ਕਿ ਇਸ ਵਾਰ ਲੋਕ ਵੋਟਾਂ ਵਿੱਚ ਹਿਸਾ ਲੈਣ ਲਈ ਉਤਸ਼ਾਹਿਤ ਹਨ"।

ਟੀਮ ਡੈਲਟਾ ਦਾ ਆਨਲਾਈਨ ਸਰਵੇ 14 ਅਗਸਤ ਤੋਂ 27 ਅਗਸਤ ਤੱਕ ਫੇਸਬੁੱਕ ਤੇ ਐਕਟਿਵ ਸੀ ਅਤੇ 192 ਲੋਕਾਂ ਨੇ ਉਸਦਾ ਜਵਾਬ ਦਿੱਤਾ।

ਬਿਸ਼ਪ ਨੇ ਇਹ ਵੀ ਕਿਹਾ ਕਿ ਪਿਛਲੇ ਹਫਤੇ ਡੈਲਟਾ ਦੇ ਕੁਝ ਵੋਟਰਾਂ ਨੂੰ ਪ੍ਰਸ਼ਨਾਵਲੀ ਭੇਜੀ ਗਈ ਸੀ ਅਤੇ ਦਰਜਨਾਂ ਹੀ ਜਵਾਬ ਵਾਪਸ ਆਏ -ਕਈਆਂ ਨੇ ਆਪ ਆ ਕੇ ਸਰਵੇ ਵਾਪਸ ਕੀਤਾ ਅਤੇ ਕਈਆਂ ਨੇ ਕੈਨੇਡਾ ਪੋਸਟ ਦੇ ਜ਼ਰੀਏ ਮੇਲ ਕੀਤਾ।
ਬਿਸ਼ਪ ਨੇ ਕਿਹਾ ਕਿ "ਸਾਡੀ ਕਮਿਊਨਟੀ ਨੂੰ ਕਿਹੜੇ ਮੁੱਦੇ ਪ੍ਰਭਾਵਿਤ ਕਰ ਰਹੇ ਹਨ, ਇਹ ਜਾਣਨ ਲਈ

ਚੋਣਾਂ ਇੱਕ ਬਿਹਤਰ ਸਮਾਂ ਹਨ"।

ਟੀਮ ਡੈਲਟਾ ਦੇ ਹੋਰ ਮੈਂਬਰਾਂ ਵਿੱਚ ਵੈਟਰਨ ਕੌਂਸਲਰ ਰਾਬਰਟ ਕੈਂਪਬੈੱਲ, ਨਵੇਂ ਮੈਂਬਰ ਡਾ: ਜੌਨ੍ਹ ਹੈਂਸਨ, ਕਿਮ ਕੈਂਡਲ ਅਤੇ ਸਿਮਰਨ ਵਾਲੀਆ ਸ਼ਾਮਲ ਹਨ।

ਸੰਪਰਕ ਕਰੋ:
Jason Craik, co-campaign manager 604-603-1790
Kristy Fredericks, co-campaign manager 604-626-1374
teamdeltamedia@gmail.com